# ਸੋਮਵਾਰ 9 ਦਸੰਬਰ 2019 ਤੋਂ ਐਤਵਾਰ 15 ਦਸੰਬਰ 2019 ਤੱਕ

**11.12.19 ਬੁੱਧਵਾਰ: - 4.30 ਵਜ਼ੇ:-**ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ, ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ, ਲੰਗਰ ਆਦਿ ਦੀ ਸਾਰੀ ਹੋਵੇਗੀ

**ਦੇਗਾਂ ਦੀਆਂ ਸੇਵਾਵਾਂ** ਦੇਗਾਂ ਦੀਆਂ ਸੇਵਾਵਾਂ: ਸ੍ਰ: ਅਮਰਜੀਤ ਸਿੰਘ , ਸ੍ਰ:ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਬਿਕ੍ਰਮਜੀਤ ਸਿੰਘ ਥਾਂਦੀ ਅਤੇ ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ  ਵਲੋਂ ਹੋਣਗੀਆਂ।

**12.12.19 ਵੀਰਵਾਰ: -** ਜਨਮ ਦਿਨ ਸਾਹਿਬਜ਼ਾਦਾ ਫਤਿਹ ਸਿੰਘ ਜੀ।

**6.00 ਵੱਜ਼ੇ: -** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

**13.12.19 ਸ਼ੁਕਰਵਾਰ: -**

**10.00 ਵਜ਼ੇ**: -ਸਾਧ ਸੰਗਤ ਵੱਲੋਂ ਸਾਹਿਬਜ਼ਾਦਾ ਫਤਿਹ ਸਿੰਘ ਜੀ ਦੇ ਜਨਮ ਦਿਨ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।

**ਦੇਗਾਂ ਦੀਆਂ ਸੇਵਾਵਾਂ: -** ਸ: ਸੁਰਜੀਤ ਸਿੰਘ ਸੇਖੋਂ, ਸ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ,  ਸ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ: ਗੁਰਦੇਵ ਸਿੰਘ ਔਲਖ,  ਸ: ਛਿੰਦਾ ਸਿੰਘ ਥਾਂਦੀ, ਸ: ਹਰਬੰਸ ਸਿੰਘ ਨਿੱਝਰ, ਸ: ਇੰਦਰਜੀਤ ਸਿੰਘ ਬੀਬੀ ਪ੍ਰਮਜੀਤ ਕੌਰ  ਤੇ ਸਵ: ਸ: ਨਿਰਮਲ ਸਿੰਘ ਪੁਰੇਵਾਲ, ਸ ਬਲਵਿੰਦਰ ਸਿੰਘ ਜੌਹਲ ਤੇ ਬੀਬੀ ਮਲਵਿੰਦਰ ਕੌਰ ਸੇਖੋਂ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

**14.12.19 ਸ਼ਨਿਚਰਵਾਰ: -** ਪੋਹ ਦੀ ਸੰਗ੍ਰਾਂਦ ਦਾ ਦਿਨ ਹੈ।

**4.00 ਵਜ਼ੇ**: - ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

**15.12.19 ਐਤਵਾਰ: -**

**8.30 ਵਜ਼ੇ: -**ਸਾਧ ਸੰਗਤ ਵੱਲੋਂ ਸਾਹਿਬਜ਼ਾਦਾ ਫਤਿਹ ਸਿੰਘ ਜੀ ਦੇ ਜਨਮ ਦਿਨ ਦੇ ਸਬੰਧ ਵਿਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 8.30 ਵਜ਼ੇ ਪੈਣਗੇ ਬਾਅਦ'ਚ ਸ ਜਰਨੈਲ ਸਿੰਘ ਅਤੇ ਬੀਬੀ ਮਨਜੀਤ ਕੌਰ ਅਤੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਲੰਗਰ ਆਦਿ ਦੀ ਸਾਰੀ ਸੇਵਾ ਹੋਵੇਗੀ,ਹਜ਼ੂਰੀ ਜਥਾ ਕੀਰਤਨ ਕਰੇਗਾ, ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।

**11.00 ਵੱਜੇ:-** ਸ ਸਤਪਾਲ ਸਿੰਘ ਸੱਗੂ ਅਤੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰਲੇ ਹਾਲ ਵਿੱਚ ਹੋਣਗੇ ਲੰਗਰ ਆਦਿ ਦੀ ਸਾਰੀ ਸੇਵਾ ਹੋਵੇਗੀ

**Passport Surgery from 10.45 AM to 12.00 PM**

ਮੱਘਰ-ਪੋਹ

**26 ਦਸੰਬਰ ਸ਼ਹੀਦੀ ਵੱਡੇ ਸਾਹਿਬਜ਼ਾਦੇ**

**26 ਦਸੰਬਰ ਜਨਮ ਦਿਨ ਸ਼ਹੀਦ ਸ ਊਧਮ ਸਿੰਘ ਜੀ**

**26-28 ਦਸੰਬਰ ਸ਼ਹੀਦੀ ਛੋਟੇ ਸਾਹਿਬਜ਼ਾਦੇ**

**29 December 2019 holiday in Punjabi school, Kavi Darbwr in the memory of Sahibzades from 11.15 AM to 1,30 PM**

**31 December New Year's Day Special darbar, programme from 6.00 to 12.00**

**5 ਜਨਵਰੀ 2020 ਜਥਾ ਭਾਈ ਜਰਨੈਲ ਸਿੰਘ ਜੀ ਦਾ ਢਾਡੀ ਜਥਾ ਹਾਜ਼ਰੀ ਭਰੇਗਾ।**

## ਵਣਜਾਰੇ

ਵਣਜਾਰਾ ਜਾਤੀ, ਭਾਰਤ ਦੀ ਪੁਰਾਣੀ ਚੱਕ੍ਰਵਰਤੀ ਵਪਾਰੀ ਜਮਾਤ ਹੈ ਜੋ ਕਿ ਸਦੀਆਂ ਤੋਂ ਘੁੰਮ ਘੁੰਮ ਫਿਰ ਕੇ ਹਰ ਥਾਂ ਹਰ ਚੀਜ਼ ਪੁਚਾਉਣ ਦਾ ਕਾਰਜ ਕਰਦੀ ਹੈ। ਇਸ ਦੀ ਪ੍ਰਫੁਲਤਾ ਦਾ ਵੱਡਾ ਸਬੱਬ ਇਹ ਬਣਿਆ ਕਿ ਵੇਲੇ ਦੀ ਹਰ ਸਰਕਾਰ ਨੂੰ

ਫੌਜ ਦੀ ਲੋੜ ਲਈ ਤੁਰਾਂ ਤੁਰਾਂ ਦਾ ਸਮਾਨ ਸਮੇ ਸਿਰ ਮਿਲਣਾ ਜ਼ਰੂਰੀ ਸੀ ਤੇ ਇਹ ਠੇਕੇਦਾਰ ਵਪਾਰੀ ਹੀ ਹਰ ਮਾਲ ਮੁਹੱਇਆ ਕਰਨ ਦਾ ਮੁਕੰਮਲ ਪ੍ਰਬੰਧ ਕਰ ਸਕਦੇ ਹਨ।

ਲੁਬਾਣੇ ਵਣਜਾਰੇ ਤੇ ਸਿਕਲੀਗਰ ਸਿੱਖਾਂ ਦੀ ਪੰਥ ਵਿਚ ਭਾਵੇਂ ਵੱਖਰੀ ਪਹਿਚਾਣ ਚੰਗੀ ਤੁਰਾਂ ਉਭਰ ਕੇ ਸਾਹਮਣੇ ਨਹੀਂ ਆਈ, ਪ੍ਰੰਤੂ ਇਨ੍ਹਾਂ ਦੀ ਗੁਰੂ ਪੰਥ ਵਿਚ ਵਿਸ਼ੇਸ਼ ਥਾਂ ਰਹੀ ਹੈ।ਲਾਹੌਰ ਦਾ ਵਣਜਾਰਾ, ਵਿਉਪਾਰੀ ਭਾਈ ਮਨਸੁਖ ਗੁਰੂ ਨਾਨਕ ਸਾਹਿਬ ਦਾ ਅਨਿਨ ਸ਼ਰਧਾਲੂ ਸਿੱਖ ਸੀ ਜਿਸ ਨੇ ਤਿੰਨ ਸਾਲ ਕਰਤਾਰਪੁਰ ਵਿਖੇ ਗੁਰੂ ਚਰਨਾਂ ਵਿਚ ਗੁਜ਼ਾਰੇ ਅਤੇ ਗੁਰੂ ਜੀ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਅਤੇ ਗੁਰੂ ਨਾਨਕ ਸਾਹਿਬ ਦਾ ਹੁਕਮ ਮੰਨ ਕੇ , ਲਾਹੌਰ ਵਿਚ ਸਥਾਪਤ ਕਾਰੋਬਾਰ ਸਮੇਟ ਕੇ, ਲੰਕਾ ਪੁਜ ਕੇ, ਆਪਲੇ ਕਾਰੋਬਾਰ ਦੇ ਨਾਲ -ਨਾਲ ਦੱਖਣੀ ਭਾਰਤ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਭਾਈ ਮਨਸੁਖ ਦੇ ਪ੍ਰਚਾਰ ਸਦਕਾ ਹੀ ਲੰਕਾ ਦਾ ਰਾਜਾ ਸ਼ਿਵਨਾਭ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਕੇ ਸਿੱਖੀ ਵੱਲ ਪ੍ਰੇਰਿਆ ਗਿਆ। ਇਸ ਤੁਰਾਂ ਸਿੱਖੀ ਦੀ ਲਹਿਰ ਵਣਜਾਰੇ ਵਿਉਪਾਰੀਆਂ ਵਿਚ ਫੈਲਦੀ ਗਈ ਅਤੇ ਲੱਖਾਂ ਵਣਜਾਰੇ ਸਿੱਖ ਬਣੇ, ਜੋ ਨਾਨਕ-ਪੰਥੀ ਕਰਕੇ ਜਾਣੇ ਜਾਂਦੇ ਹਨ। ਭਾਈ ਮੱਖਣ ਸ਼ਾਹ ਲਬਾਣੇ ਨੇ ਬਾਬੇ ਬਕਾਲੇ ਪੁੱਜ ਕੇ ਗੁਰੂ ਤੇਗ ਬਹਾਦਰ ਜੀ ਦੀ ਗੁਰੂ ਵਜੋਂ ਪਛਾਣ ਜ਼ਾਹਿਰ ਕੀਤੀ ਸੀ ਅਤੇ ਕੋਠੇ ਤੇ ਚੜ੍ਹ ਕੇ ਹੋਕਾ ਦਿਤਾ ਸੀ “ ਗੁਰੂ ਲਾਧੋ ਰੇ।“ ਭਾਈ ਲੱਖੀ ਸ਼ਾਹ ਵਣਜਾਰੇ ਨੇ ਚਾਂਦਨੀ ਚੌਂਕ ਵਿਚੋਂ ਲੰਘਣ ਸਮੇ ਗੁਰੂ ਤੇਗ ਬਹਾਦਰ ਜੀ ਦਾ ਧੜ ਆਪਣੇ ਗੱਡੇ ਵਿਚ ਰੱਖ ਕੇ ਆਪਣੇ ਘਰ ਨੂੰ ਅੱਗ ਲਗਾ ਕੇ ਉਸ ਦਾ ਸਸਕਾਰ ਕੀਤਾ।

ਜਿਤਨੀਆਂ ਸ਼ਹੀਦੀਆਂ ਇਸ ਕਬੀਲੇ ਨੇ ਸਿੱਖੀ ਬਚਾਉਣ ਲਈ ਕੀਤੀਆਂ ਸ਼ਾਇਦ ਕਿਸੇ ਕਬੀਲੇ ਨੇ ਕੀਤੀਆਂ ਹੋਣ। ਸ਼ਹੀਦੀਆਂ ਦੇ ਅੰਕੜਿਆਂ'ਤੇ ਇਕ ਝਾਤ ਮਾਰਿਆਂ ਜ਼ਾਹਿਰ ਹੋ ਜਾਏਗਾ ਕਿ ਇੰਨ੍ਹਾਂ ਨੇ ਗੁਰੂ ਸਾਹਿਬ ਦੇ ਹਰ ਯੁੱਧ ਵਿਚ ਭਾਗ ਲਿਆ ਤੇ ਸ਼ਹੀਦੀਆਂ ਪਾਈਆਂ। ਭਾਈ ਮਨੀ ਸਿੰਘ ਅਤੇ ਊਨ੍ਹਾਂ ਦੇ ਸਮੁੱਚੇ ਪਰਿਵਾਰ ਦੀਆਂ ਸ਼ਹੀਦੀਆਂ ਦਾ ਤਾਂ ਕੋਈ ਸਾਨੀ ਨਹੀਂ ਹੈ। ਭਾਈ ਮਨੀ ਸਿੰਘ ਜੀ ਪਰਿਵਾਰ ਵੱਲੋਂ ਕੀਤੀਆਂ ਕੁਰਬਾਨੀਆਂ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਜਾ ਰਿਆ ਹੈ।

**ਭਾਈ ਮਨੀ ਸਿੰਘ ਜੀ**: ਪੰਜਾਹ ਵਰ੍ਹੇ ਗੁਰੂ ਚਰਨਾਂ ਵਿਚ ਤੇ ਪੱਚੀ ਵਰ੍ਹੇ ਪੰਥ ਦੀ ਅਗਵਾਈ ਵਿਚ ਲਾਉਣ ਵਾਲੇ ਨੱਬੇ ਵਰਿਆਂ ਦੀ ਭਾਈ ਮਨੀ ਸਿੰਘ ਜੀ ਦਾ ਬਜ਼ੁਰਗ ਸ਼ਖਸੀਅਤ (ਜਨਮ ਚੇਤ ਸੁਦੀ ਦੁਆਦਸੀ1701- ਸ਼ਹੀਦੀ ਹਾੜ ਸੁਦੀ ਪੰਚਮੀ 1791 ਬਿ.) ਬਚਿੱਤ੍ਰ ਕਿਸਮ ਦੀ ਹੈ, ਜ੍ਹਿਨਾਂ ਧਰਮ ਲਈ ਖੁਦ ਹੀ ਸ਼ਹੀਦੀ ਨਹੀਂ ਪਾਈ ਬਲਕਿ ਉਹਨਾਂ ਦੇ ਬਜੁਰਗ ਵਾਰ ਦਾਦਾ, ਭਾਈ ਜਾਨ,ਪੁੱਤਰ ਪੋਤਿਰਿਆਂ ਤੇ ਹੋਰ ਸੰਬਦੀਆਂ ਵੀ ਖੁਸ਼ੀ ਖੁਸ਼ੀ ਆਪਣੇ ਬਲੀਦਾਨ ਦਿੱਤੇ। ਮਨੀ ਸਿਮਘ ਜੀ ਦੇ ਬਾਬਾ ਬੱਲੂ ਰਾਉ ਨੇ 17 ਵਿਸਾਖ 1691 ਬਿ; ਨੂੰ ਗੁਰੂ ਕੇ ਚੱਕ (ਅੰਮ੍ਰਿਤਸਰ) ਦੀ ਲੜਾਈ ਵਿਚ ਗੁਰੂ ਅਰਜਨ ਸਾਹਿਬ ਦੇ ਕਾਤਿਲ ਮੁਗਲ ਜਰਨੈਲ ਮੁਰਤਜਾ ਖਾਂ ਨੂੰ ਰਣਖੇਤਰ ਵਿਚ ਮਾਰ ਮੁਕਾ ਕੇ ਖੁਦ ਸ਼ਹੀਦੀ ਪਾਈ ਸੀ। ਬੱਲੂ ਦੇ ਛੋਟੇ ਭਾਈ ਨਾਨੂਰਾਉ ਨੇ 3 ਕੱਤਕ 1678 ਬਿ; ਨੂੰ ਰੁਹੀਲੇ ਦੀ ਯੰਗ ਵਿਚ ਜੁਝ ਕੇ ਪ੍ਰਾਣ ਦਿੱਤੇ ਸਨ ਤੇ ਇਸੇ ਤਰ੍ਹਾਂ ਇਸ ਦੇ ਭਾਈ ਦਰੀਏ ਦੀ ਸੰਤਾਨ ਨੇ ਗੁਰੂ ਖਾਤਰ ਆਪਣੇ ਤਨ ਨਿਛਾਵਰ ਕੀਤੇ। ਦਰੀਏ ਦਾ ਪੁੱਤਰ ਆਲਮ ਸਿੰਘ ਨੇ 1 ਅੱਸੂ 1757 ਬਿ; ਨੂੰ ਨਿਰਮੋਹਗੜ੍ਹ (ਅਨੰਦਪੁਰ) ਜੂਝ ਕੇ ਸ਼ਹੀਦ ਹੋਇਆ ਸੀ।

**ਵਣਜਾਰਿਆਂ ਦੀ ਵਰਤਮਾਨ ਦਸ਼ਾ**

ਕੁਝ ਵਣਜਾਰੇ ਜੋ ਆਰਥਿਕ ਤੌਰ'ਤੇ ਮਜ਼ਬੂਤ ਹਨ ਅਤੇ ਪੜ੍ਹ- ਲਿਖ ਗਏ ਹਨ, ਉਨ੍ਹਾਂ ਦੇ ਹਾਲਾਤ ਬਹੁਤ ਚੰਗੇ ਹਨ ਪ੍ਰੰਤੂ ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਦੇ ਪਿੰਡਾਂ ਵਿਚ ਇਨ੍ਹਾਂ ਦੀ ਹਾਲਾਤ ਬਹੁਤ ਤਰਯੋਗ ਦੇਖੀ ਗਈ ਹੈ। ਰਹਿਣ ਨੂੰ ਘਰ ਮਕਾਨ ਨਹੀਂ, ਖਾਣ ਨੂੰ ਰੋਟੀ ਨਹੀ ਅਤੇ ਪੜ੍ਹਾਈ ਲਈ ਪੈਸੇ ਨਹੀਂ, ਜਿਸ ਕਰਕੇ ਇ੍ਹਨਾਂ ਦੀ ਹਾਲਾਤ ਤਰਸਯੋਗ ਬਣੀ ਹੋਈ ਹੈ।ਇਹ ਘਟੀਆ ਕਿਸਮ ਦੇ ਚੌਲ ਖਰੀਦ ਕੇ ਖਾਂਦੇ ਹਨ। ਸਬਜ਼ੀ ਲੈਣ ਲਈ ਇ੍ਹਨਾਂ ਕੋਲ ਪੈਸੇ ਨਹੀਂ। ਸੁਕੀਆਂ ਮਿਰਚਾਂ ਲੈ ਕੇ ਉਨ੍ਹਾਂ ਨੂੰ ਸੁਕਾ ਲੈਂਦੇ ਹਨ ਅਤੇ ਫਿਰ ਉਸ ਨੂੰ ਕੁੱਟ ਕੇ ਪਾਉਡਰ ਬਣਾ ਲੈਂਦੇ ਹਨ। ਇਸ ਪਾਉਡਰ ਨੂੰ ਲੂਣ ਨਾਲ ਮਿਲਾ ਕੇ ਚਾਵਲਾਂ ਉੱਪਰ ਧੂੜ ਕੇ ਅਤੇ ਪਾਣੀ ਦੇ ਨਾਲ ਖਾ ਲੈਂਦੇ ਜਨ। ਇ੍ਹਨਾਂ ਦੇ ਨਾਲ ਬੈਠ ਕੇ ਜਦ ਖਾਣਾ ਖਾਵੇ ਤਾ ਉਹ ਗਮਗੀਨ ਹੋ ਉਠਦਾ ਹੈ।

ਵਿੱਦਿਆ ਲਈ ਮਾਇਕ ਪੱਖੋਂ ਕਮਜ਼ੋਰ ਕਈ ਵਣਜਾਰੇ ਕ੍ਰਿਸਚਨ ਸਕੂਲਾਂ ਵਿਚ ਬੱਚਿਆਂ ਨੂੰ ਭੇਜ ਦਿੰਦੇ ਹਨ ਜਿੱਥੇ ਉਹ ਬੱਚਿਆਂ ਦੇ ਕੇਸ ਕਤਲ ਕਰਕੇ ਨਾਂ ਬਦਲ ਕੇ ਪੜ੍ਹਾਈ ਕਰਾਉਂਦੇ ਹਨ। ਸਮੁੱਚੇ ਭਾਰਤ ਵਿਚ ਵਣਜਾਰਿਆਂ ਦੀ ਗਿਣਤੀ ਹਜ਼ਾਰਾਂ ਜਾਂ ਲੱਖਾਂ ਨਹੀਂ ਸਗੋਂ ਕਰੋੜਾਂ ਵਿਚ ਹੈ।ਕਈ ਮਾਇਆ ਪੱਖੋਂ ਕਮਜ਼ੋਰ ਵਣਜਾਰੇ ਵੀ ਦਰਬਾਰ ਸਾਹਿਬ ਦੇ ਦਰਸ਼ਨ ਨੂੰ ਆਉਣਾ ਲੋਚਦੇ ਹਨ ਪ੍ਰੰਤੂ ਜੇ ਊਨਾਂ ਦੇ ਕੋਲ ਖਾਣ ਵਸੀਲਾ ਨਹੀਂ ਤਾਂ ਉਹ ਇਸ ਪਵਿੱਤਰ ਸਥਾਨ ਦੇ ਕਿਵੇਂ ਦਰਸ਼ਨ ਕਰਨ ਆ ਸਕਦੇ ਹਨ? ਕੁਝ ਸੰਸਥਾਵਾਂ ਆਪਣੀ ਵਿੱਤ ਅਨੁਸਾਰ ਕੁਝ ਇ੍ਹਨਾਂ ਦੇ ਬੱਚਿਆਂ ਨੂੰ ਪ੍ਰੜਾ ਰਹੀਆਂ ਹਨ ਪ੍ਰੰਤੂ ਜੇ ਊਨਾਂ ਕੋਲ ਖਾਣ ਲਈ ਵੀ ਵਸੀਲਿਆਂ ਦੀ ਘਾਟ ਹੈ ਇਸ ਲਈ ਵਧੇਰੇ ਯਤਨ ਕਰਨ ਦੀ ਜ਼ਰੂਰਤ ਹੈ।ਇਹ ਖੁਸ਼ੀ ਦੀ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਵੀ ਇਸ ਪਾਸੇ ਧਿਆਨ ਦੇਣਾ ਅਰੰਭ ਕਰ ਦਿਤਾ ਹੈ।

ਸੁਖਦੇਵ ਸਿੰਘ ਲਾਜ, ਲੁਧਿਆਣਾ, ਮੋਬਾ: 98551-73732